ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-3 ਸ਼ਾਖਾ)

ਸੇਵਾ ਵਿਖੇ

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ।
2. ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ) ਪੰਜਾਬ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ।
3. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਪੰਜਾਬ।
4. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ), ਪੰਜਾਬ।

ਮੀਮੋ ਨੰ: 2/93/2009-3ਸਿ3/1416707/1-4
ਮਿਤੀ, ਚੰਡੀਗੜ੍ਹ: 11/2/2019

ਵਿਸ਼ਾ: ਸੀ.ਬੀ.ਐਸ.ਈ/ਆਈ.ਸੀ.ਐਸ.ਈ ਨਾਲ ਸਕੂਲਾਂ ਵੱਲੋਂ ਐਫੀਲੀਏਸ਼ਨ ਲਈ ਇਤਰਾਜਹੀਣਤਾ ਸਰਟੀਫੀਕੇਟ ਜਾਰੀ ਕਰਨ ਸਬੰਧੀ ਪਾਲਿਸੀ ਦੇ ਲੜੀ ਨੰ. 3 ਬਾਰੇ ਸਪੱਸ਼ਟੀਕਰਨ ਸਬੰਧੀ।

........

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ: 2/93/2009-3ਸਿ3/1360154/1-4 ਮਿਤੀ 26.11.2018 ਦੀ ਲਗਾਤਾਰਤਾ ਵਿੱਚ।

2. ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਕੀਤੀ ਪਾਲਿਸੀ ਦੇ ਲੜੀ ਨੰ. 3 ਮਾਨਤਾ (ਰੈਕੋਗਨੀਸ਼ਨ) ਦੇ ਸਬੰਧ ਵਿੱਚ ਹੇਠ ਅਨੁਸਾਰ ਸਪੱਸ਼ਟ (Clarify) ਕੀਤਾ ਜਾਂਦਾ ਹੈ:-

ੳ) ਸੀ.ਬੀ.ਐਸ.ਈ./ਆਈ.ਸੀ.ਐਸ.ਈ ਲਈ ਐਨ.ਓ.ਸੀ ਦੇਣ ਤੋਂ ਪਹਿਲਾਂ ਹਰੇਕ ਸਕੂਲ ਨੂੰ ਸਰਕਾਰ ਤੋਂ ਰੈਕੋਗਨੀਸ਼ਨ ਲੈਣੀ ਪਵੇਗੀ। ਜਿੱਥੇ ਇਹ ਰੈਕੋਗਨੀਸ਼ਨ ਪਹਿਲਾਂ ਨਹੀਂ ਹੋਈ ਉੱਥੇ ਇਹ ਰੈਕੋਗਨੀਸ਼ਨ ਐਨ.ਓ.ਸੀ. ਲਈ ਦਿੱਤੀ ਅਰਜ਼ੀ ਦੇ ਨਾਲ ਹੀ ਦਿੱਤੀ ਜਾਵੇਗੀ।

ਅ) ਜੇਕਰ ਪਿੱਛਲੇ ਪੱਧਰ ਦੀ ਰੈਕੋਗਨੀਸ਼ਨ ਲਈ ਹੋਵੇ ਤਾਂ ਅਪਲਾਈ ਕੀਤੇ ਪੱਧਰ ਦੀ ਫੀਸ ਵਿੱਚੋਂ ਪਿੱਛਲੇ ਪੱਧਰ, ਜਿਸ ਦੀ ਰੈਕੋਗਨੀਸ਼ਨ ਪਹਿਲਾਂ ਲਈ ਹੋਈ ਹੈ, ਉਹ ਫੀਸ਼ ਮਨਫੀ ਹੋਵੇਗੀ।
ਜੇਕਰ ਹਾਈ ਸਕੂਲ ਲਈ ਰੈਕੋਗਨੀਸ਼ਨ ਲਈ ਜਾ ਰਹੀਂ ਹੈ ਤਾਂ ਮਿਡਲ ਸਕੂਲ ਲਈ ਪਹਿਲਾਂ ਰੈਕੋਗਨੀਸ਼ਨ ਲਈ ਹੋਈ ਹੈ ਤਾਂ ਫੀਸ਼ 75,000-50,000= 25,000/- ਰੁਪਏ ਹੋਵੇਗੀ। ਰੈਕੋਗਨੀਸ਼ਨ ਇੱਕੋਂ ਹੀ ਪੱਧਰ ਦੀ ਦਿੱਤੀ ਜਾਵੇਗੀ। ਜੇਕਰ ਹਾਈ ਸਕੂਲ ਲਈ ਰੈਕੋਗਨੀਸ਼ਨ ਜਾਰੀ ਕੀਤੀ ਜਾਂ ਰਹੀਂ ਹੈ, ਤਾਂ ਉਸ ਵਿੱਚ ਮਿਡਲ ਸਕੂਲ ਤੇ ਪ੍ਰਾਇਮਰੀ ਸਕੂਲ ਦੀ ਰੈਕੋਗਨੀਸ਼ਨ ਆਪਣੇ ਆਪ (Automatically) ਹੋਵੇਗੀ। ਇਸੇ ਤਰ੍ਹਾਂ ਜੇ ਸੀਨੀਅਰ ਸੈਕੰਡਰੀ ਸਕੂਲ ਦੀ ਰੈਕੋਗਨੀਸ਼ਨ ਲਈ ਜਾ ਰਹੀਂ ਹੈ ਤਾਂ ਇਹ ਪ੍ਰਾਇਮਰੀ, ਮਿਡਲ ਅਤੇ ਹਾਈ ਉਸ ਦਾ (Automaticaly) ਹਿੱਸਾ ਹੋਵੇਗੀ।

ੲ) ਐਨ.ਓ.ਸੀ. ਜਿਸ ਪੱਧਰ ਲਈ ਮੰਗੀ ਜਾ ਰਹੀ ਹੈ, ਭਾਵ ਹਾਈ ਜਾਂ ਸੀਨੀਅਰ ਸੈਕੰਡਰੀ ਸਕੂਲ ਲਈ ਜੇਕਰ ਪਹਿਲਾਂ ਰੈਕੋਗਨੀਸ਼ਨ ਨਹੀਂ ਹੋਈ ਤਾਂ ਉਸ ਪੱਧਰ ਦੀ ਰੈਕੋਗਨੀਸ਼ਨ ਫੀਸ ਪਾਲਿਸੀ ਦੇ ਲੜੀਂ ਨੰ: 3 ਮੁਤਾਬਕ ਹੀ ਜਮ੍ਹਾ ਕਰਵਾਈ ਜਾਵੇਗੀ। ਅਜਿਹੇ ਕੇਸ ਵਿੱਚ ਅਧਿਕਾਰਤ ਅਥਾਰਟੀ ਵੱਲੋਂ ਐਨ.ਓ.ਸੀ. ਦੇ ਨਾਲ ਰੈਕੋਗਨੀਸ਼ਨ ਵੀ ਜਾਰੀ ਕਰ ਦਿੱਤੀ ਜਾਵੇਗੀ। ਮਿਤੀ 26.11.2018 ਜਦੋਂ ਤੋਂ ਇਹ ਪਾਲਿਸੀ ਬਣਾਈ ਗਈ ਹੈ, ਇਸ ਪਾਲਿਸੀ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਜਿਸ ਪੱਧਰ ਤੱਕ ਜਿਲ੍ਹਾਂ ਸਿੱਖਿਆ ਅਫ਼ਸਰਾਂ ਵੱਲੋਂ ਜੋ ਸਕੂਲ ਰੈਕੋਗਨੀਸ਼ਨ ਕੀਤੇ ਗਏ ਹਨ, ਉਨ੍ਹਾਂ ਦੀ ਰੈਕੋਗਨੀਸ਼ਨ ਯੋਗ ਸਮਝੀ ਜਾਵੇਗੀ। ਇਸ ਉਪਰੰਤ ਜੋ ਸਕੂਲ ਰੈਕੋਗਨੀਸ਼ਨ ਕੀਤੇ ਜਾਣਗੇ ਉਨ੍ਹਾਂ ਤੋਂ ਬਣਦੀ ਫੀਸ ਜਮ੍ਹਾਂ ਕਰਵਾਈ ਜਾਵੇਗੀ।

3. ਹਵਾਲਾ ਅਧੀਨ ਪਾਲਿਸੀ ਗਾਇਡ ਲਾਇਨਜ ਦੇ ਲੜੀ ਨੰ: 2 ਅਨੁਸਾਰ ਸਬੰਧੀ ਅਪਗ੍ਰੇਡੇਸ਼ਨ ਸਬੰਧੀ ਸਪੱਸਟ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਵੀ ਸਕੂਲ ਮੈਨੇਜਮੈਂਟ ਕਮੇਟੀ ਆਪਣੇ ਸਕੂਲ ਨੂੰ ਅਪਗ੍ਰੇਡ ਕਰਨ ਦੀ ਇਛੁੱਕ ਹੋਵੇਗੀ ਤਾਂ ਉਸ ਦੀ ਪ੍ਰੋਸੈਸਿੰਗ ਫੀਸ ਇਕ ਹਾਜਰ ਰੁਪਏ(One time ) ਹੋਵੇਗੀ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

Scanned by CamScanner